ਸਪੀਕਰ ਸੰਧਵਾਂ ਨੇ ਰਾਈਜਿੰਗ ਮੇਨ ਦੇ 23.09 ਕਰੋੜ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ

ਕਿਹਾ, ਸਿਰਫ਼ ਐਲਾਨ ਨਹੀਂ ਕੰਮ ਨੂੰ ਸੀਮਤ ਸਮੇਂ ਅੰਦਰ ਕੀਤਾ ਜਾਵੇਗਾ ਪੂਰਾ

ਰਿੰਕੂ ਮਲਹੋਤਰਾ, ਬਲਜੀਤ ਸਿੰਘ ਖੀਵਾ, ਰਾਜ ਥਾਪਰ

ਕੋਟਕਪੂਰਾ, 23 ਫਰਵਰੀ : ਲੋਕਾਂ ਨੂੰ ਸੀਵਰੇਜ ਤੇ ਬਰਸਾਤੀ ਪਾਣੀ ਦੀ ਸੰਭਾਲ ਸਬੰਧੀ ਹੁਣ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ, ਇਹ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਸ.ਕੁਲਤਾਰ ਸਿੰਘ ਸੰਧਵਾਂ ਨੇ ਦੇਵੀ ਵਾਲਾ ਰੋਡ ਤੇ ਰਾਈਜਿੰਗ ਮੇਨ ਤੇ ਕੰਮ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।

ਸ.ਸੰਧਵਾਂ ਨੇ ਦੱਸਿਆ ਕਿ ਇਸ ਡੀ.ਪੀ.ਆਰ ਦੀ ਲਾਗਤ 23.09 ਕਰੋੜ ਰੁਪਏ ਹੈ। ਇਹ ਪ੍ਰੋਜੈਕਟ 24 ਮਹੀਨੇ ਦੇ ਅੰਦਰ-ਅੰਦਰ ਮੁੰਕਮਲ ਕੀਤਾ ਜਾਵੇਗਾ। ਇਸ ਸਮੇਂ ਸ਼ਹਿਰ ਕੋਟਕਪੂਰਾ ਵਿੱਚ 2 ਨੰਬਰ ਐਸ.ਟੀ.ਪੀ. ਬਣੇ ਹੋਏ ਹਨ, 6 ਐਮ.ਐਲ.ਡੀ ਐਸ.ਟੀ.ਪੀ ਮੁਕਤਸਰ ਰੋਡ ਅਤੇ 8 ਐਮ.ਐਲ.ਡੀ ਐਸ.ਟੀ.ਪੀ ਦੇਵੀ ਵਾਲਾ ਰੋਡ ਤੇ ਸਥਿਤ ਹਨ। 6 ਐਮ.ਐਲ.ਟੀ. ਐਸ.ਟੀ.ਪੀ ਤੋਂ ਪਾਣੀ ਟਰੀਟ ਹੋ ਕੇ ਸੁਚੱਜੇ ਢੰਗ ਨਾਲ ਡਰੇਨ ਵਿੱਚ ਜਾਂਦਾ ਹੈ। ਜਦ ਕਿ 8 ਐਮ.ਐਲ.ਡੀ. ਐਸ.ਟੀ.ਪੀ ਦਾ ਟਰੀਟਡ ਪਾਣੀ ਅਤੇ ਬਰਸਾਤਾ ਦਾ ਪਾਣੀ ਵੀ ਇਸ ਓਪਨ ਡਰੇਨ ਰਾਹੀਂ ਬਾਈ ਗਰੈਵਟੀ ਦੇਵੀ ਵਾਲਾ ਡਰੇਨ ਵਿੱਚ ਜਾਂਦਾ ਹੈ, ਜਿਸ ਨਾਲ ਡਰੇਨ ਓਵਰ ਫਲੋਅ ਹੋ ਜਾਂਦੀ ਹੈ ਅਤੇ ਗੰਦਾ ਪਾਣੀ ਕਿਸਾਨਾਂ ਦੀਆ ਫਸਲਾ ਵਿੱਚ ਜਾਂਦਾ ਹੈ। ਇਸ ਓਪਨ ਡਰੇਨ ਦੀ ਲੰਬਾਈ ਲਗਭਗ 5.00 ਕਿਲੋਮੀਟਰ ਹੈ। ਇਸ ਪ੍ਰੋਜੈਕਟ ਅਧੀਨ 8 ਐਮ. ਐਲ.ਡੀ ਐਸ.ਟੀ.ਪੀ ਤੋਂ ਦੇਵੀ ਵਾਲਾ ਡਰੇਨ ਤੱਕ 800 ਐਮ. ਐਮ ਆਈ/ਡੀ ਡੀ.ਆਈ-ਕੇ 9 ਰਾਈਜਿੰਗ ਮੇਨ ਪਾਈ ਜਾਣੀ ਹੈ। ਜਿਸਦੀ ਲੰਬਾਈ ਲੱਗਭੱਗ 5 ਕਿਲੋਮੀਟਰ ਹੈ। ਇਸ ਨਾਲ ਐਸ.ਟੀ.ਪੀ ਦਾ ਟਰੀਟਡ ਪਾਣੀ ਅਤੇ ਬਰਸਾਤੀ ਪਾਣੀ ਇਸ ਪਾਈਪ ਵਿੱਚ ਦੀ ਹੁੰਦਾ ਹੋਇਆ ਡਰੇਨ ਵਿੱਚ ਬਿਨਾ ਕਿਸੇ ਲੀਕੇਜ ਤੋਂ ਦੇਵੀ ਵਾਲਾ ਡਰੇਨ ਵਿੱਚ ਪਾਇਆ ਜਾਵੇਗਾ। ਜਿਸ ਨਾਲ ਸ਼ਹਿਰ ਵਾਸੀਆਂ ਅਤੇ ਕਿਸਾਨਾਂ ਨੂੰ ਗੰਦੇ ਪਾਣੀ ਦੀਆਂ ਅੰਕੜਾਂ ਤੋ ਨਿਜਾਤ ਮਿਲੇਗੀ। ਇਹ ਪ੍ਰੋਜੈਕਟ ਸ਼ਹਿਰ ਨਿਵਾਸਿਆ ਨੂੰ ਸਾਫ ਸੁਥਰਾ ਵਾਤਾਵਰਣ ਅਤੇ ਚੰਗੀ ਸਿਹਤ ਪ੍ਰਾਪਤ ਕਰਨ ਵਿੱਚ ਸਹਾਈ ਹੋਵੇਗਾ। ਇਸ ਮੌਕੇ ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕੀਟ ਕਮੇਟੀ ਕੋਟਕਪੂਰਾ, ਮਨਪ੍ਰੀਤ ਸਿੰਘ ਧਾਲੀਵਾਲ, ਜਤਿੰਦਰ ਸਿੰਘ ਐਸਡੀਓ ਵਾਟਰ ਸਪਲਾਈ, ਗੈਰੀ ਵੜਿੰਗ, ਸਿਮਰਨਜੀਤ ਸਿੰਘ ਐਮ.ਸੀ ਕੋਟਕਪੂਰਾ,ਅਮਨਦੀਪ ਸਿੰਘ, ਪ੍ਰੀਤਮ ਸਿੰਘ, ਕਸ਼ਮੀਰ ਸਿੰਘ ,ਭੋਲਾ ਸਿੰਘ, ਸੰਦੀਪ ਸਿੰਘ, ਸਰਪੰਚ ਬਲਜੀਤ ਸਿੰਘ, ਸਰਪੰਚ ਨਿਰਭੈ ਸਿੰਘ, ਸਰਪੰਚ ਜਲੌਰ ਸਿੰਘ ਢੁੱਡੀ, ਸਰਪੰਚ ਬਲਦੇਵ ਸਿੰਘ ਭਾਣਾ, ਚਤਰ ਸਿੰਘ, ਜਸਵਿੰਦਰ ਸਿੰਘ ਬੱਬੂ, ਰਜਿੰਦਰ ਕੁਮਾਰ, ਐਕਸੀਅਨ ਸ਼ਮਿੰਦਰ ਸਿੰਘ ਮੌਂਗਾ, ਕਰਨੈਲ ਸਿੰਘ ਦੇਵੀਵਾਲਾ, ਅਮਰੀਕ ਸਿੰਘ ਡੱਗੂਰੋਮਾਣਾ, ਮਨਪ੍ਰੀਤ ਸਿੰਘ ਲਾਲੇਆਣਾ, ਅਰਸ਼ ਲਾਲੇਆਣਾ, ਕਾਕੂ ਸ਼ਰਮਾ ਐਮ.ਸੀ, ਸੁਤੰਤਰ ਜੋਸ਼ੀ, ਅਸ਼ਵਨੀ ਕੁਮਾਰ ਐਮਸੀ, ਮਲਕੀਤ ਭੱਟੀ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

ਆਈਏਐਸ ਅਧਿਕਾਰੀ ਵਿਵੇਕ ਕੁਮਾਰ ਮੋਦੀ ਨੇ ਵਧੀਕ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

ਸਤਬਚਨ ਸਿੰਘ

ਬਰਨਾਲਾ, 23 ਫਰਵਰੀ : 2022 ਬੈਚ ਦੇ ਨੌਜਵਾਨ ਆਈ.ਏ.ਐੱਸ. ਅਧਿਕਾਰੀ ਸ੍ਰੀ ਵਿਵੇਕ ਕੁਮਾਰ ਮੋਦੀ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਬਰਨਾਲਾ ਵਜੋਂ ਆਪਣਾ ਚਾਰਜ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਇਸ ਅਹਿਮ ਜ਼ਿੰਮੇਵਾਰੀ ਤੋਂ ਪਹਿਲਾਂ ਉਹ ਉਪ ਮੰਡਲ ਮੈਜਿਸਟ੍ਰੇਟ ਆਦਮਪੁਰ ਵਜੋਂ ਆਪਣੀਆਂ ਪ੍ਰਸ਼ਾਸਨਿਕ ਸੇਵਾਵਾਂ ਨਿਭਾ ਰਹੇ ਸਨ।

ਸ੍ਰੀ ਵਿਵੇਕ ਕੁਮਾਰ ਮੋਦੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਵਾਸੀਆਂ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਨਿਰਵਿਘਨ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਰਹੇਗੀ।

ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਨੂੰ ਜ਼ਿਲ੍ਹੇ ਵਿੱਚ ਜ਼ਮੀਨੀ ਪੱਧਰ 'ਤੇ ਸੁਚਾਰੂ ਢੰਗ ਨਾਲ ਲਾਗੂ ਕੀਤਾ ਜਾਵੇਗਾ

COURT NOTICE
(U/o 5 Rule 20 CPC)
IN THE COURT OF
Hasan Deep Singh Bajwa
Additional Civil Judge
(Senior Division), Kharar
DEEP KUMARI WD/O ARVINDER SINGH S/O BALBIR SINGH R/O H.NO. 8905, SWARAJ NAGAR MATA GUJRI ROAD KHARAR, TEHSIL KHARAR DISTT. SAS NAGAR MOHALI
Vs.
1. GENERAL PUBLIC 2. GURMEET KAUR WD/O BALBIR SINGH R/O H.NO. 8905 SWARAJ NAGAR, MATA GUJRI ROAD, KHARR, DISTT. MOHALI
CNR No. PBSAA0-000224-2026
Next Date:-02-04-2026
GW/3/2026
PUBLICATION ISSUED TO:
GENERAL PUBLIC
In above titled case, the defendant(s) /respondent(s) could not be served. It is ordered that defendant(s)/respondent(s) should appear in person or through counsel on 02-04-2026 at 10:00 a.m.
For details logon to
https://highcourtchd.gov.in/?mod=district_notice&district=mogacourt
Additional Civil Judge
(Senior Division) Kharar
Dated, this day of 23-02-2026

COURT NOTICE
(U/o 5 Rule 20 CPC)
IN THE COURT OF
Ms. Poonam Kashyap
Civil Judge (Junior Division) -3,
CANARA BANK
Vs.
KRISHNA FOOD SERVICES AND CATERING
CNR No. PBSA02-000758 2025
Next Date: 25-03-2026
PUBLICATION ISSUED TO:
1 KRISHNA FOOD SERVICES AND CATERING THROUGH ITS PROP SMT SEEMA RANI OFFICE SHOWROOM NO 28 BASEMENT SHIVJOT ENCLAVE MARKET KHARAR SAS NAGAR 2ND ADDRESS BOOTH NO 44 PHASE VII SAS NAGAR MOHALI 2 SEEMA RANI W/O MUKESH KUMAR R/O HOUSE NO 57,58 PHASE VII MOHALI IIND ADDRESS HOUSE NO 324 PHASE VII SAS NAGAR MOHALI
In above titled case, the defendant (s) /respondent (s) could not be served. it is ordered that defendant (S) respondent(s) should appear in person or through counsel on 25-03-2026 at 10:00 a.m.
Civil Judge (Junior Division)-3
Dated,this day of 13-02-2026

COURT NOTICE
(U/o 5 Rule 20 CPC)
(UNDER GUARDIAN AND WARD ACT)
IN THE COURT OF Sh. Vijay Kumar
Principal Judge Family Court,
Camp Court, Amloh (P)
Next Date, Purpose of case, Orders and Judgments as well as other Information is available on https://ecourts.gov.in
KULDEEP KAUR
Vs.
GENERAL PUBLIC & ORS
Petition Under Section 7 and 12 of Guardian and Wards Act 1890
GW/15/2025
CNR No. pbfgf2-000266-2025
Next Date:-11-03-2026
NOTICE TO:
Resp. no.1. General Public
In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 11-03-2026 at 10:00 am.
For details logon to
https://highcourtchd.gov.in/?mod=district_notice&district=mogacourt.
Vijay Kumar
Principal Judge Family Court
Fatehgarh Sahib
Dated, this day of 11-02-2026

ਦੀ ਬਠਿੰਡਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਬਠਿੰਡਾ
ਫੋਨ: 0164-5007937
ਨੰਬਰ: 333 ਮਿਤੀ:17/02/2026
ਨੋਟਿਸ ਆਮ ਇਜਲਾਸ
ਬੈਂਕ ਦੇ ਸਮੂਹ ਏ ਕਲਾਸ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਬਠਿੰਡਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ:, ਬਠਿੰਡਾ ਦਾ ਸਲਾਨਾ ਆਮ ਇਜਲਾਸ ਮਿਤੀ 12-03-2026 ਦਿਨ ਵੀਰਵਾਰ ਨੂੰ ਸਵੇਰੇ 11:00 ਵਜੇ ਬੈਂਕ ਦੀ ਬਿਲਡਿੰਗ ਵਿਖੇ ਹੋਵੇਗਾ। ਇਸ ਲਈ ਬੈਂਕ ਦੇ ਸਮੂਹ ਏ-ਕਲਾਸ ਮੈਂਬਰਾਂ ਨੂੰ ਆਮ ਇਜਲਾਸ ਵਿੱਚ ਸਮੇਂ ਸਿਰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਇਸ ਵਿੱਚ ਹੇਠ ਲਿਖੇ ਅਜੰਡਿਆਂ ਤੇ ਵਿਚਾਰ ਕੀਤਾ ਜਾਵੇਗਾ।
1. ਪਿਛਲੇ ਆਮ ਇਜਲਾਸ ਦੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ।
2. ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਅਤੇ ਮੁੱਖ ਦਫਤਰ ਵੱਲੋਂ ਸਮੇਂ-ਸਮੇਂ ਸਿਰ ਬਾਈਲਾਜ ਅਤੇ ਕਰਜਾ ਪਾਲਿਸੀਆਂ ਵਿੱਚ ਕੀਤੀਆਂ ਸੋਧਾਂ, ਅਡੀਸ਼ਨਾਂ ਅਤੇ ਦਿਸ਼ਾ ਨਿਰਦੇਸ਼ਾਂ ਨੂੰ ਅਪਨਾਉਣ ਤੇ ਵਿਚਾਰ।
3. ਬੈਂਕ ਦੀ ਸਾਲ 2024-25 ਦੀ ਸਲਾਨਾ ਰਿਪੋਰਟ, ਆਡਿਟ ਰਿਪੋਰਟ, ਇੰਨਸਪੈਕਸ਼ਨ ਰਿਪੋਰਟ, ਬੈਲੇਂਸ ਸ਼ੀਟ ਅਤੇ ਚਿੱਠਾ ਲਾਭ ਹਾਨੀ, ਜੋ ਕਿ ਸਟੈਚੂਟਰੀ ਆਡਿਟਰ ਵਲੋਂ ਤਸਦੀਕ ਕੀਤਾ ਗਿਆ ਹੈ ਨੂੰ ਵਾਚਣ ਉਪਰੰਤ ਪ੍ਰਵਾਨ ਕਰਨ ਤੇ ਵਿਚਾਰ।
4. ਸਾਲ 2024-25 ਦੌਰਾਨ ਬੈਂਕ ਦੇ ਕੰਮ ਕਾਜ ਸਬੰਧੀ ਕੀਤੇ ਗਏ ਖਰਚੇ ਦੀ ਪ੍ਰਵਾਨਗੀ ਤੇ ਵਿਚਾਰ।
5. ਪਿਛਲੇ ਆਮ ਇਜਲਾਸ ਤੋਂ ਲੈ ਕੇ ਤਾ-ਤਾਰੀਖ ਤੱਕ ਪ੍ਰਬੰਧਕ ਕਮੇਟੀ ਵਲੋਂ ਪਾਸ ਕੀਤੇ ਗਏ ਮਤਿਆਂ ਦੀ ਪ੍ਰਵਾਨਗੀ ਅਤੇ ਪੁਸ਼ਟੀ ਕਰਨ ਤੇ ਵਿਚਾਰ।
6. ਬੈਂਕ ਦੇ ਆਮ ਇਜਲਾਸ ਤੇ ਹੋਏ ਖਰਚੇ ਦੀ ਪ੍ਰਵਾਨਗੀ ਤੇ ਵਿਚਾਰ।
ਨੋਟ- 1. ਬੈਂਕ ਦੇ ਸਬੰਧਿਤ ਚਿੱਠਾ ਲਾਭ ਹਾਨੀ, ਲੇਖੇ-ਜੋਖੇ ਸਬੰਧੀ ਜਾਣਕਾਰੀ ਲਿਖਤੀ ਤੌਰ ਤੇ ਆਮ ਇਜਲਾਸ ਤੋਂ ਤਿੰਨ ਦਿਨ ਪਹਿਲਾਂ ਕਿਸੇ ਵੀ ਕੰਮ ਵਾਲੇ ਦਿਨ ਬੈਂਕ ਦੇ ਦਫਤਰ ਤੋਂ ਲਈ ਜਾ ਸਕਦੀ ਹੈ।
ਮੈਨੇਜਰ,
ਪੀ.ਏ.ਡੀ.ਬੀ. ਬਠਿੰਡਾ।

ਦੀ ਅਨੰਦਪੁਰ ਸਾਹਿਬ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਸੀਮਿਤ ਅਨੰਦਪੁਰ ਸਾਹਿਬ
E-mail : padbanandpursahib1@gmail.com, Ph: 01887-233185
ਨੰਬਰ: 22 ਮਿਤੀ:18/02/2026
ਨੋਟਿਸ ਆਮ ਇਜਲਾਸ
ਬੈਂਕ ਦੇ ਸਮੂਹ 'ਏ' ਕਲਾਸ ਮੈਂਬਰਾ ਨੂੰ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਅਨੰਦਪੁਰ ਸਾਹਿਬ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਸੀਮਿਤ ਅਨੰਦਪੁਰ ਸਾਹਿਬ ਦਾ ਆਮ ਇਜਲਾਸ ਮਿਤੀ **19-03-2026** ਦਿਨ ਵੀਰਵਾਰ ਨੂੰ ਸਵੇਰੇ 11:00 ਵਜੇ ਪੀ.ਏ.ਡੀ.ਬੀ. ਅਨੰਦਪੁਰ ਸਾਹਿਬ ਵਿਖੇ ਹੋਵੇਗਾ। ਬੈਂਕ ਦੇ ਸਮੂਹ 'ਏ' ਕਲਾਸ ਮੈਂਬਰਾ ਨੂੰ ਸਮੇਂ ਸਿਰ ਆਮ ਇਜਲਾਸ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।
ਅਜੰਡਾ ਹੇਠ ਲਿਖੇ ਅਨੁਸਾਰ ਹੈ :-
1. ਪਿਛਲੇ ਆਮ ਇਜਲਾਸ 04-03-2025 ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ।
2. ਬੈਂਕ ਦੇ ਮਾਲੀ ਸਾਲ 2024-2025 ਦੀ ਆਡਿਟਡ ਬੈਲੇਂਸ ਸ਼ੀਟ, ਚਿੱਠਾ ਲਾਭ ਹਾਨੀ, ਆਡਿਟ ਰਿਪੋਰਟ ਅਤੇ ਇੰਸਪੈਕਸ਼ਨ ਨੋਟ 2023-2024 ਆਦਿ ਨੂੰ ਵਾਚਣ ਉਪਰੰਤ ਪ੍ਰਵਾਨ ਕਰਨ ਤੇ ਵਿਚਾਰ।
3. ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਅਤੇ ਮੁੱਖ ਦਫਤਰ ਵਲੋਂ ਬੈਂਕ ਦੇ ਬਾਈਲਾਜ ਅਤੇ ਕਰਜਾ ਪਾਲਿਸੀਆਂ ਆਦਿ ਵਿੱਚ ਸਮੇਂ ਸਮੇਂ ਸਿਰ ਕੀਤੀਆ ਸੋਧਾਂ, ਤਰਮੀਮਾਂ ਅਤੇ ਨਿਰਦੇਸ਼ਾਂ ਨੂੰ ਅਪਨਾਉਣ ਤੇ ਵਿਚਾਰ।
4. ਸਾਲ 2024-2025 ਦੋਰਾਨ ਹੋਏ ਬੈਂਕ ਦੇ ਸਾਰੇ ਖਰਚੇ ਅਤੇ ਹੋਰ ਬੈਂਕ ਦੇ ਕਾਰੋਬਾਰ ਲਈ ਕੀਤੇ ਖਰਚਿਆਂ ਦੀ ਪ੍ਰਵਾਨਗੀ ਦੇਣ ਤੇ ਵਿਚਾਰ।
5. ਬੈਂਕ ਦੇ ਆਮ ਇਜਲਾਸ ਤੇ ਹੋਏ ਖਰਚੇ ਦੀ ਪ੍ਰਵਾਨਗੀ ਦੇਣ ਤੇ ਵਿਚਾਰ।
6. ਪਿਛਲੇ ਆਮ ਇਜਲਾਸ ਤੋਂ ਲੈ ਕੇ ਤਾ ਤਾਰੀਕ ਪ੍ਰਬੰਧਕ ਕਮੇਟੀ ਵਲੋਂ ਪਾਸ ਕੀਤੇ ਗਏ ਮਤਿਆ ਦੀ ਪ੍ਰਵਾਨਗੀ ਅਤੇ ਪੁਸ਼ਟੀ ਕਰਨ ਤੇ ਵਿਚਾਰ।
ਨੋਟ: ਬੈਂਕ ਦੇ ਸਬੰਧਤ ਚਿੱਠਾ ਲੇਖੇ ਜੋਖੇ ਸਬੰਧੀ ਜਾਣਕਾਰੀ ਲਿਖਤੀ ਤੋਰ ਤੇ ਆਮ ਇਜਲਾਸ ਤੋਂ ਤਿੰਨ ਦਿਨ ਪਹਿਲਾਂ ਲਈ ਜਾ ਸਕਦੀ ਹੈ। ਜੇਕਰ ਕਿਸੇ ਕਾਰਨ ਆਮ ਇਜਲਾਸ ਦਾ ਕੋਰਮ ਪੂਰਾ ਨਹੀਂ ਹੁੰਦਾ ਤਾਂ ਉਸੇ ਦਿਨ ਦੁਪਹਿਰ 3:00 ਵਜੇ ਆਮ ਇਜਲਾਸ ਦੀ ਮੀਟਿੰਗ ਕੀਤੀ ਜਾਵੇਗੀ।
ਮੈਨੇਜਰ,
ਪੀ.ਏ.ਡੀ.ਬੀ. ਅਨੰਦਪੁਰ ਸਾਹਿਬ।

ਕਰਜਾ ਵਸੂਲੀ ਟ੍ਰਿਬਿਊਨਲ, ਚੰਡੀਗੜ੍ਹ (ਡੀਆਰਟੀ-3)
ਹੇਠਲੀ ਮੰਜਿਲ, ਐਸਸੀਓ ਨੰ. 33-34-35, ਸੈਕਟਰ-17ਏ, ਚੰਡੀਗੜ੍ਹ-160017
ਕੇਸ ਨੰ. ਓਏ/25/2021
ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਜਿਸ ਨੂੰ ਕਰਜਾ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਦੇ ਨਾਲ ਪੜਿਆ ਜਾਵੇ ਅਧੀਨ ਸੰਮਨ
ਐਕਸ ਨੰ: 28873
ਇੰਡੀਅਨ ਬੈਂਕ
ਬਨਾਮ
ਮੈਸ ਜੀਆਰ ਇੰਡਸਟ੍ਰੀਜ਼ ਅਤੇ ਹੋਰ
ਵੱਲ,
1. ਮੈਸ ਜੀਆਰ ਇੰਡਸਟ੍ਰੀਜ਼ ਐਫ-228 ਇੰਡਸਟ੍ਰੀਅਲ ਏਰੀਆ ਫੇਜ 8-ਬੀ, ਮੋਹਾਲੀ, ਰਾਹੀਂ ਇਸ ਦੇ ਸੋਲ ਪ੍ਰੋਪਰਾਈਟਰ ਸ੍ਰੀ ਰਾਕੇਸ਼ ਕੰਡਾ ਪੁੱਤਰ ਸ੍ਰੀ ਹੇਮ ਰਾਜ ਵਾਸੀ ਮਕਾਨ ਨੰ. 1273 ਸੈਕਟਰ-68, ਮੋਹਾਲੀ
2. ਸ੍ਰੀ ਰਾਕੇਸ਼ ਕੰਡਾ ਪੁੱਤਰ ਹੇਮ ਰਾਜ ਮਕਾਨ ਨੰ. 1273, ਸੈਕਟਰ 68 ਮੋਹਾਲੀ
3. ਸ੍ਰੀਮਤੀ ਗੌਰੀ ਬੈਨਰਜੀ ਪਤਨੀ ਰਾਕੇਸ਼ ਕੰਡਾ ਮਕਾਨ ਨੰ. 1273, ਸੈਕਟਰ 68 ਮੋਹਾਲੀ
ਸੰਮਨ
ਜਦੋਂ ਕਿ, ਓਏ/25/2021 ਮਿਤੀ 23.12.2025 ਨੂੰ ਮਾਨਯੋਗ ਪਧਾਨਗੀ ਅਫਸਰ/ਰਜਿਸਟਰਾਰ ਸਨਮੁਖ ਸੂਚੀਬੱਧ ਕੀਤਾ ਗਿਆ ਸੀ।
ਜਦੋਂ ਕਿ ਮਾਣਯੋਗ ਟ੍ਰਿਬਿਊਨਲ ਨੇ ਐਕਟ ਦੀ ਧਾਰਾ 19(4) ਅਧੀਨ ਉਕਤ ਅਰਜੀ (ਓ.ਏ.) ਤੁਹਾਡੇ ਵਲੋਂ ਕਰਜਾ ਰੁਪਏ 2,50,95,861.03/- (ਅਰਜੀ ਸਮੇਤ ਦਸਤਾਵੇਜਾਂ ਦੀਆਂ ਕਾਪੀਆਂ ਆਦਿ ਦੇ ਨਾਲ, ਨੱਥੀ) ਦੀ ਵਸੂਲੀ ਲਈ ਤੁਹਾਨੂੰ ਸੰਮਨ/ਨੋਟਿਸ ਜਾਰੀ ਕੀਤਾ ਜਾਂਦਾ ਹੈ।
ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਨੁਸਾਰ, ਤੁਹਾਨੂੰ ਬਚਾਅ ਪੱਖ ਨੂੰ ਹੇਠ ਲਿਖੇ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਸੇਵਾ ਦੇ ਤੀਹ ਦਿਨਾਂ ਦੇ ਅੰਦਰ ਕਾਰਨ ਦਰਸ਼ਾਓ ਕਿ ਕਿਓ ਨਹੀਂ ਰਾਹਤ ਲਈ ਕੀਤੀ ਗਈ ਬੇਨਤੀ ਮੰਜੂਰ ਨਹੀਂ ਕੀਤੀ ਜਾਣੀ ਚਾਹੀਦੀ;
(2) ਅਸਲ ਅਰਜੀ ਦੇ ਲੜੀ ਨੰਬਰ 3 ਏ ਤਹਿਤ ਬਿਨੈਕਾਰ ਦੁਆਰਾ ਦਰਸਾਏ ਗਏ ਸੰਪਤੀਆਂ ਅਤੇ ਸੰਪਤੀਆਂ ਤੋਂ ਇਲਾਵਾ ਹੋਰ ਸੰਪਤੀਆਂ ਜਾਂ ਸੰਪਤੀਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਤੁਹਾਨੂੰ ਅਸਲ ਅਰਜੀ ਦੇ ਲੜੀ ਨੰਬਰ 34 ਤਹਿਤ ਦਰਸਾਈ ਸੁਰੱਖਿਅਤ ਸੰਪਤੀਆਂ ਜਾਂ ਅਜਿਹੀਆਂ ਹੋਰ ਸੰਪਤੀਆਂ ਅਤੇ ਸੰਪਤੀਆਂ ਜਿਨਾਂ ਦੀ ਕੁਰਕੀ ਲਈ ਅਰਜੀ ਦੀ ਸੁਣਵਾਈ ਅਤੇ ਨਿਪਟਾਰੇ ਲਈ ਲੰਬਿਤ ਹੈ, ਨਾਲ ਲੈਣ-ਦੇਣ ਜਾਂ ਨਿਪਟਾਉਣ ਤੋਂ ਰੋਕਿਆ ਜਾਂਦਾ ਹੈ;
(4) ਤੁਸੀਂ ਟ੍ਰਿਬਿਊਨਲ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਵਿਕਰੀ, ਲੀਜ ਜਾਂ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੋਗੇ, ਸਿਵਾਏ ਉਸ ਦੇ ਕਾਰੋਬਾਰ ਦੇ ਆਮ ਕੋਰਸ ਵਿੱਚ ਕਿਸੇ ਵੀ ਸੰਪਤੀ ਨੂੰ ਛੱਡ ਕੇ ਜਿਸ ਉੱਤੇ ਸੁਰੱਖਿਆ ਹਿੱਤ ਬਣਾਇਆ ਗਿਆ ਹੈ ਅਤੇ/ਜਾਂ ਹੋਰ ਸੰਪਤੀਆਂ ਅਤੇ ਸੰਪਤੀਆਂ ਦਾ ਅਸਲ ਅਰਜੀ ਦੇ ਲੜੀ ਨੰਬਰ 3 ਏ ਤਹਿਤ ਨਿਰਦਿਸਟ ਜਾਂ ਖੁਲਾਸਾ ਕੀਤਾ ਗਿਆ ਹੈ।
(5) ਤੁਸੀਂ ਕਾਰੋਬਾਰ ਦੇ ਆਮ ਕੋਰਸ ਵਿੱਚ ਸੁਰੱਖਿਅਤ ਸੰਪਤੀਆਂ ਜਾਂ ਹੋਰ ਸੰਪਤੀਆਂ ਅਤੇ ਸੰਪਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਹੋਈ ਆਮ